ਕੇਸ ਨੰਬਰ 1

* ਸੋਨੀਆ (ਪਤਨੀ) ਅਤੇ ਰਮੇਸ਼ ਦੋ ਸਾਲ ਪਹਿਲਾਂ ਅਵਾਸੀ ਦੇ ਤੋਰ ਤੇ ਕੈਨੇਡਾ ਆਏ। ਉਨ੍ਹਾਂ ਨੇ ਆਪਣੇ ਅਤੇ ਆਪਣੇ ਦੋ ਬੱਚਿਆਂ ਪਿੰਕੀ 9 ਸਾਲ, ਅਤੇ ਰਿੰਕੂ 13 ਸਾਲ ਲਈ ਰਹਿਣ ਲਈ ਆਪਣੇ ਭਰਾ (ਕਜ਼ਨ) ਦੀ ਬੇਸਮੈਂਟ ਵਿੱਚ ਜਗ੍ਹਾ ਲੈ ਲਈ।

* ਉਸ ਤੋਂ ਬਾਅਦ ਉਨ੍ਹਾਂ ਨੂੰ ਬ੍ਰੈਮਪਟਨ ਵਿੱਚ ਹੀ ਇੱਕ ਤਿੰਨ ਬੈਡਰੂਮ ਦਾ ਅਪਾਰਟਮੈਂਟ ਮਿਲ ਗਿਆ। ਉਹ ਖ਼ੁਸ਼ ਸਨ ਕਿਉਂਕਿ ਉਨ੍ਹਾਂ ਦੇ ਅਪਾਰਟਮੈਂਟ ਕੋਲ ਰਾਸ਼ਨ ਅਤੇ ਹੋਰ ਜ਼ਰੂਰਤ ਦੀਆਂ ਚੀਜ਼ਾਂ ਦੇ ਸਟੋਰ ਸਨ, ਜੋ ਕਿ ਜ਼ਿਆਦਾ ਦੂਰ ਨਹੀਂ ਸਨ।

* ਰਮੇਸ਼ ਸ਼ਿਫ਼ਟ ਵਿੱਚ ਜਨਰਲ ਹੈਲਪਰ ਦਾ ਕੰਮ ਕਰ ਰਿਹਾ ਹੈ ਜਦ ਕਿ ਉਹ ਇੱਕ ਟਰੇਂਡ ਇਲੈਕਟ੍ਰੀਸ਼ੀਅਨ ਹੈ। ਸੋਨੀਆ ਵੀ ਇਸੇ ਤਰ੍ਹਾਂ ਸ਼ਿਫ਼ਟ ਵਿੱਚ ਕੰਮ ਕਰ ਰਹੀ ਸੀ ਪਰ ਉਸ ਨੂੰ ਬਰਿਜਿੰਗ ਪ੍ਰੋਗਰਾਮ ਮਿਲ ਗਿਆ ਅਤੇ ਉਹ ਆਸ ਕਰਦੀ ਹੈ ਕਿ ਉਸ ਨੂੰ ਜਲਦੀ ਹੀ ਆਪਣੇ ਕਿੱਤੇ ਅਨੁਸਾਰ ਕੈਨੇਡਾ ਵਿੱਚ ਕੰਮ ਮਿਲ ਜਾਵੇਗਾ। ਉਹ ਦੋਵੇਂ ਹਰ ਹਫ਼ਤੇ ਵਿੱਚ 6 ਦਿਨ ਆਪਣੀ ਸ਼ਿਫ਼ਟ ਨਾਲੋਂ ਜ਼ਿਆਦਾ ਘੰਟੇ ਕੰਮ ਕਰਦੇ।

* ਉਹ ਪਿੱਛਲੇ ਦੋ ਸਾਲਾਂ ਵਿੱਚ ਵਾਕ-ਇਨ ਕਲੀਨਿਕ ਵਿੱਚ ਹੀ ਜਾਂਦੇ ਰਹੇ ਪਰ ਉਹ ਆਪਣਾ ਪ੍ਰੀਵਾਰਕ ਡਾਕਟਰ ਬਣਾਉਣ ਦਾ ਸਮਾਂ ਹੀ ਨਾ ਕੱਢ ਸਕੇ।

* ਜਦੋਂ ਦੇ ਉਹ ਇੱਥੇ ਆਏ ਸਨ ਉਨ੍ਹਾਂ ਦੇ ਛੋਟੇ ਬੱਚੇ ਨੂੰ ਸਾਹ ਦੀ ਤਕਲੀਫ਼ ਦੇ ਨਾਲ ਨਾਲ ਐਗ਼ਜ਼ਿਮਾ ਦੀ ਬਿਮਾਰੀ ਸੀ।

* ਜਦੋਂ ਉਹ ਆਪਣੇ ਬੱਚੇ ਰਿੰਕੂ ਨੂੰ ਪਬਲਿਕ ਸਕੂਲ ਵਿੱਚ ਦਾਖ਼ਲ ਕਰਵਾਉਣ ਲਈ ਗਏ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਨ੍ਹਾਂ ਦੇ ਬੇਟੇ ਨੂੰ ਹੈਪੈਟਾਈਟਸ A ਅਤੇ B ਦੀ ਵੈਕਸੀਨੇਸ਼ਨ (ਦਵਾਈ) ਦੇ ਟੀਕੇ ਲਗਵਾਉਣੇ ਰਹਿ ਗਏ ਸਨ। ਉਨ੍ਹਾਂ ਨੂੰ ਹੈਪੈਟਾਈਟਸ C ਦੇ ਬਾਰੇ ਜਾਣਕਾਰੀ ਲਈ ਅੰਗਰੇਜ਼ੀ ਵਿੱਚ ਪੈਂਫ਼ਲਿਟ ਵੀ ਦਿੱਤਾ ਗਿਆ।

* ਰਮੇਸ਼ ਅਤੇ ਸੋਨੀਆ ਨੂੰ ਆਪ ਵੀ ਪਤਾ ਨਹੀਂ ਸੀ ਕਿ ਉਨ੍ਹਾਂ ਨੂੰ ਵੀ ਹੈਪੈਟਾਈਟਸ A ਅਤੇ B ਦੀ ਦਵਾਈ ਦੇ ਟੀਕੇ ਲੱਗੇ ਵੀ ਸਨ ਕਿ ਨਹੀਂ। ਰਮੇਸ਼ ਚੇਤੇ ਕਰਨ ਲੱਗ ਪਿਆ ਕਿ ਬੱਚਪਨ ਵਿੱਚ ਜਿਹੜੇ ਤੁਰਦੇ ਫਿਰਦੇ ਡਾਕਟਰਾਂ ਤੋਂ ਉਸ ਨੂੰ ਟੀਕੇ ਲੱਗੇ ਸਨ ਉਨ੍ਹਾਂ ਦੀਆਂ ਸੂਈਆਂ ਸ਼ਾਇਦ ਦੋਬਾਰਾ ਵਰਤੀਆਂ ਗਈਆਂ ਹੋਣਗੀਆਂ। ਉਹ ਆਪਣਾ ਟੈਸਟ ਕਰਾਉਣ ਬਾਰੇ ਵੀ ਸੋਚ ਰਿਹਾ ਸੀ ਪਰ ਉਹ ਸੋਚਦਾ ਸੀ ਕਿਤੇ ਉਸਦੀ ਕੰਮ ਕਰਨ ਦੀ ਸ਼ਕਤੀ ਅਤੇ ਪ੍ਰੀਵਾਰ ਨੂੰ ਪਾਲਣ ਦੀ ਯੋਗਤਾ ਘੱਟ ਨਾ ਜਾਵੇ।

ਚਰਚਾ ਲਈ ਸਵਾਲ:

* ਇਸ ਆਦਮੀ ਦੀਆਂ ਇਸ ਵੱਕਤ ਪਹਿਲ ਦੇ ਆਧਾਰ ਤੇ ਜ਼ਰੂਰਤਾਂ ਕਿਹੜੀਆਂ ਹਨ?

* ਉਨ੍ਹਾਂ ਨੂੰ ਆਪਣੀ ਸਿਹਤ ਬਰਕਰਾਰ ਰੱਖਣ ਅਤੇ ਟੈਸਟ ਕਰਾਉਣ ਲਈ ਕਿਹੜੀਆਂ ਔਕੜਾਂ ਅਤੇ ਮਜਬੂਰੀਆਂ ਹਨ?

* ਉਹ ਇਸ ਵਾਸਤੇ ਕਿਹੜੇ ਸਾਧਨ ਵਰਤ ਸਕਦੇ ਹਨ?

ਕੇਸ ਨੰਬਰ 2

* ਗੁਰਦੀਪ ਜਿਸਦੀ ਉਮਰ 33 ਸਾਲ ਹੈ, ਇਕ ਮਹੀਨਾ ਪਹਿਲਾਂ ਹੀ ਇੰਡੀਆ ਤੋਂ ਪ੍ਰੀਵਾਰ ਸਹਿਤ ਕੈਨੇਡਾ ਆਇਆ ਹੈ। ਉਹ ਸਾਇਕਾਲੋਜੀ ਦੀ M. A. ਹੈ, ਜਿਸ ਦੇ ਆਧਾਰ ਤੇ ਉਸ ਨੂੰ ਸਿਖਿਅਤ ਕਾਮੇ ਵਜੋਂ ਕੈਨੇਡਾ ਵਿੱਚ ਪ੍ਰਵਾਸ ਮਿਲਿਆ ਹੈ। ਪਰ ਉਹ ਆਪਣੇ ਫੀਲਡ (ਖੇਤਰ) ਵਿੱਚ, ਯੂਨੀਵਰਸਿਟੀ ਦੇ ਇਕ ਸਾਲ ਦੇ ਕੋਰਸ 'ਚ ਦਾਖਲਾ ਲਏ ਬਗ਼ੈਰ ਕੰਮ ਨਹੀਂ ਲੱਭ ਸਕਦਾ।

* ਗੁਰਦੀਪ ਇਸ ਕੋਰਸ ਦੇ ਦਾਖਲੇ ਲਈ ਦਿੱਤੇ ਟੈਸਟ ਵਿੱਚ ਅੰਗਰੇਜ਼ੀ ਬੋਲਣ ਅਤੇ ਲਿਖਣ ਦਾ ਪੇਪਰ ਪਾਸ ਨਹੀਂ ਕਰ ਸਕਿਆ। ਇਸ ਕਰਕੇ ਉਹ ਜਨਰਲ ਹੈਲਪਰ ਦੇ ਕੰਮ ਦੇ ਨਾਲ ਨਾਲ ਵੀਕ ਐਂਡ ਤੇ ਵੀ ਕੰਮ ਕਰਦਾ ਸੀ, ਤਾਂ ਕਿ ਉਹ ਆਪਣੇ ਸਕੂਲ ਵਾਸਤੇ ਕੁਝ ਪੈਸੇ ਜਮਾਂ ਕਰ ਸਕੇ। ਉਹ ਹਫ਼ਤੇ ਵਿੱਚ ਤਿੰਨ ਵਾਰ ਰਾਤ ਨੂੰ ਆਪਣੀ ਅੰਗਰੇਜ਼ੀ ਸੁਧਾਰਣ ਲਈ ਕਲਾਸਾਂ ਵਿੱਚ ਪੜ੍ਹਨ ਵੀ ਜਾਂਦਾ ਸੀ।

* ਗੁਰਦੀਪ ਨਾਲ ਕੰਮ ਕਰਦੇ ਕੁਝ ਦੋਸਤਾਂ ਵਿੱਚੋਂ ਇੱਕ, ਜਿਸ ਦਾ ਨਾਮ ਕਮਲ ਸੀ, ਨੇ ਨੋਟਿਸ ਕੀਤਾ ਕਿ ਗੁਰਦੀਪ ਹਰ ਵੱਕਤ ਥੱਕਿਆ ਥੱਕਿਆ ਜਿਹਾ ਮਹਿਸੂਸ ਕਰਦਾ ਸੀ। ਇੱਕ ਦਿਨ ਕਮਲ ਨੇ ਆਪਣੇ ਕੰਮ ਦੀ ਸ਼ਿਫ਼ਟ ਦੇ ਅੱਧ ਵਿੱਚ ਗੁਰਦੀਪ ਨੂੰ ਕੁਝ ਖਾਣ ਵਸਤੇ ਦਿੱਤਾ ਅਤੇ ਕਿਹਾ ਕਿ ਉਹ ਇਸ ਨਾਲ ਚੁਸਤ ਦਰੁੱਸਤ ਅਤੇ ਜਾਗਦਾ ਰਹੇਗਾ। ਗੁਰਦੀਪ ਜਦੋਂ ਦਾ ਕੈਨੇਡਾ ਆਇਆ ਸੀ, ਜਿਨ੍ਹਾਂ ਲੋਕਾਂ ਨਾਲ ਉਸ ਨੇ ਦੋਸਤੀ ਪੱਕੀ ਕਰ ਲਈ ਸੀ, ਕਮਲ ਉਨ੍ਹਾਂ ਵਿੱਚੋਂ ਇੱਕ ਸੀ। ਜਦੋਂ ਵੀ ਉਸ ਨੂੰ ਕੰਮ ਤੋਂ ਜਾਂ ਸਕੂਲ ਵਿੱਚੋਂ ਟਾਈਮ ਮਿਲਦਾ ਉਹ ਦੋਵੇਂ ਇਕੱਠੇ ਰਹਿੰਦੇ, ਕਈ ਵਾਰੀ ਉਹ ਆਪਣੇ ਕੰਮ ਦੀ ਸ਼ਿਫ਼ਟ ਦੌਰਾਨ ਵੀ ਡਰੱਗ ਸੁੰਘਦੇ (ਨੱਕ ਰਾਹੀਂ ਖਿੱਚਦੇ) ਰਹਿੰਦੇ ਜਿਸ ਕਾਰਣ ਗੁਰਦੀਪ ਨੂੰ ਹਫ਼ਤੇ ਵਿੱਚ ਇੱਕ ਜਾਂ ਦੋ ਦਿਨ ਨੀਂਦ ਵੀ ਨਾ ਆਉਂਦੀ।

* ਗੁਰਦੀਪ ਨੇ ਨੋਟਿਸ ਕੀਤਾ ਕਿ ਉਸ ਨੂੰ ਦਿਨ ਵੱਕਤ ਬਹੁਤ ਜ਼ਿਆਦਾ ਘਬਰਾਹਟ ਹੁੰਦੀ ਅਤੇ ਰਾਤ ਨੂੰ ਕਦੀ ਕਦੀ ਨੱਕ ਵਿੱਚੋਂ ਖ਼ੂਨ ਆਉਣ ਲੱਗ ਪੈਂਦਾ ਅਤੇ ਕਈ ਵਾਰ ਸਾਰੀ ਰਾਤ ਸ਼ਰੀਰ ਵੀ ਕੰਬਦਾ ਰਹਿੰਦਾ।

* ਗੁਰਦੀਪ ਇੱਕ ਦਿਨ ਸਵੇਰੇ ਉਠਿਆ ਤਾਂ ਉਸ ਨੂੰ ਲੱਗਿਆ ਕਿ ਉਹ ਬਹੁਤ ਬਿਮਾਰ ਹੈ ਪਰ ਉਹ ਨਹੀਂ ਜਾਣਦਾ ਸੀ ਕਿ ਉਹ ਆਪਣੀ ਸਿਹਤ ਲਈ ਕੀ ਕਰੇ ਕਿਉਂ ਜੋ ਉਸ ਕੋਲ ਤਾਂ ਅਜੇ ਆਪਣਾ ਹੈਲਥ ਕਾਰਡ (OHIP) ਵੀ ਨਹੀਂ ਸੀ।

ਚਰਚਾ ਲਈ ਸਵਾਲ:

* ਇਸ ਆਦਮੀ ਦੀਆਂ ਇਸ ਵੱਕਤ ਪਹਿਲ ਦੇ ਆਧਾਰ ਤੇ ਜ਼ਰੂਰਤਾਂ ਕਿਹੜੀਆਂ ਹਨ?

* ਉਨ੍ਹਾਂ ਨੂੰ ਆਪਣੀ ਸਿਹਤ ਬਰਕਰਾਰ ਰੱਖਣ ਅਤੇ ਟੈਸਟ ਕਰਾਉਣ ਲਈ ਕਿਹੜੀਆਂ ਔਕੜਾਂ ਅਤੇ ਮਜਬੂਰੀਆਂ ਹਨ?

* ਉਹ ਇਸ ਵਾਸਤੇ ਕਿਹੜੇ ਸਾਧਨ ਵਰਤ ਸਕਦੇ ਹਨ?

ਕੇਸ ਨੰਬਰ 3

* ਅਬਦੁਲ ਜਿਸਦੀ ਉਮਰ 45 ਸਾਲ ਹੈ, 15 ਸਾਲ ਪਹਿਲਾਂ ਆਪਣੇ ਮੁਲਕ ਪਾਕਿਸਤਾਨ ਤੋਂ ਕੈਨੇਡਾ ਆਇਆ ਸੀ। ਉਹ ਵੈਲਡਿੰਗ ਦਾ ਕੰਮ ਚੰਗੀ ਤਰ੍ਹਾਂ ਜਾਣਦਾ ਸੀ ਜਿਸ ਕਰਕੇ ਉਸ ਨੂੰ ਮਿੱਸੀਸਾਗਾ ਦੀ ਇੱਕ ਯੂਨੀਅਨ, ਜੋ ਕਿ ਸਿਟੀ ਲਈ ਕੰਮ ਕਰਦੀ ਸੀ, ਵਿੱਚ ਪੱਕੇ ਤੌਰ ਤੇ ਕੰਮ ਮਿਲ ਗਿਆ।

* ਅਬਦੁਲ ਇਹ ਨੌਕਰੀ ਮਿਲਣ ਕਰਕੇ ਬਹੁਤ ਖੁਸ਼ ਸੀ। ਚੰਗੀ ਤਨਖਾਹ ਹੋਣ ਕਾਰਣ ਉਹ ਆਪਣੇ ਕਈ ਪ੍ਰੀਵਾਰਕ ਮੈਂਬਰਾਂ ਨੂੰ ਕੈਨੇਡਾ ਲਈ ਸਪਾਂਸਰ ਕਰਕੇ ਪਿੱਛਲੇ ਦਹਾਕੇ ਤੋਂ ਉਨ੍ਹਾਂ ਦੇ ਨਾਲ ਰਹਿ ਰਿਹਾ ਸੀ। ਉਸ ਨੂੰ ਸਾਰੇ ਸਿਹਤ ਸਬੰਧੀ ਬੈਨੀਫਿਟਸ (ਲਾਭ) ਅਤੇ ਹੋਰ ਸਹੂਲਤਾ ਮਿਲਦੀਆਂ ਸਨ ਜਿਸ ਦਾ ਫਾਇਦਾ ਉਸ ਦੇ ਪ੍ਰੀਵਾਰ ਵਾਲੇ ਵੀ ਲੈ ਸਕਦੇ ਸਨ। ਉਸ ਨੇ ਕੈਨੇਡਾ ਰਹਿ ਕੇ ਆਪਣੀ ਗ੍ਰਹਿਸਥੀ ਦੀ ਸ਼ੁਰੂਆਤ ਕੀਤੀ ਅਤੇ ਉਨ੍ਹਾਂ ਕੋਲ 7 ਸਾਲ ਦਾ ਬੇਟਾ ਹੈ।

* ਜਦੋਂ ਦਾ ਅਬਦੁਲ ਕੈਨੇਡਾ ਆਇਆ ਸੀ ਉਦੋਂ ਤੋਂ ਹੀ ਉਸ ਨੇ ਆਪਣੇ ਕੁਝ ਸਾਥੀ ਵਰਕਰਾਂ ਦੇ ਨਾਲ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ। ਉਹ ਜਦੋਂ ਵੀ ਆਪਣਾ ਕੰਮ ਖਤਮ ਕਰਦੇ ਜਾਂ ਕੋਈ ਵੱਡਾ ਪ੍ਰੋਜੈਕਟ ਖਤਮ ਕਰਨ ਦੀ ਖੁਸ਼ੀ ਮਨਾਉਂਦੇ ਤਾਂ ਸਾਰੇ ਸਾਥੀ ਰਲ ਕੇ ਸ਼ਰਾਬ ਪੀਂਦੇ। ਹੁਣ ਉਸ ਨੇ ਰਾਤ ਦੇ ਖਾਣੇ ਨਾਲ ਬੀਅਰ ਪੀਣੀ ਸ਼ੁਰੂ ਕਰ ਦਿੱਤੀ ਅਤੇ ਹਫ਼ਤੇ ਦੇ ਆਖ਼ਰੀ ਦਿਨਾਂ (Weekends) ਤੇ ਜ਼ਿਆਦਾ ਵੀ ਪੀ ਲੈਂਦਾ ਸੀ।

* ਅਬਦੁਲ ਦੇ ਯੂਨੀਅਨ ਵਾਲੇ ਲੋਕ ਹਰ ਸਾਲ ਕੋਈ ਦਾਨ ਜਾਂ ਭਲਾਈ ਦੇ ਕੰਮ ਲਈ ਵੱਡਾ ਫੰਕਸ਼ਨ ਕਰਦੇ ਰਹਿੰਦੇ ਅਤੇ ਇਸ ਸਾਲ ਉਨ੍ਹਾਂ ਨੇ ਖੂਨ ਦਾਨ ਦਾ ਕੈਂਪ ਲਗਾਇਆ। ਅਬਦੁਲ ਇਸ ਖੂਨ ਦਾਨ ਕੈਂਪ ਵਿੱਚ ਖੂਨ ਦਾਨ ਕਰਕੇ ਬੜਾ ਖੁਸ਼ ਸੀ, ਕਿਉਂ ਜੋ ਕੁਝ ਸਾਲ ਪਹਿਲਾਂ ਉਸ ਦਾ ਆਪਣਾ ਭਿਆਨਕ ਐਕਸੀਡੈਂਟ ਹੋ ਗਿਆ ਸੀ ਜਿਸ ਵਿੱਚ ਉਸ ਨੂੰ ਬਚਾਉਣ ਲਈ ਖੂਨ ਚੜਾਉਣ ਦੀ ਲੋੜ ਪਈ ਸੀ।

* ਇੱਕ ਮਹੀਨੇ ਬਾਅਦ ਉਸ ਨੂੰ ਡਾਕ ਰਾਹੀਂ ਇੱਕ ਚਿੱਠੀ ਮਿਲੀ ਜਿਸ ਵਿੱਚ ਦੱਸਿਆ ਗਿਆ ਕਿ ਉਸ ਦੇ ਖੂਨ ਵਿੱਚ ਹੈਪੈਟਾਈਟਸ C ਪੋਜ਼ੇਟਿਵ ਸੀ। ਉਸ ਚਿੱਠੀ ਵਿੱਚ ਲਿਖਿਆ ਸੀ, ਇਹ ਜਾਣਨ ਲਈ ਕਿ ਕੀ ਉਸ ਦੇ ਸ਼ਰੀਰ ਅੰਦਰ ਇਹ ਵਾਇਰਸ ਅਜੇ ਵੀ ਜੀਵਤ ਹੈ ਜਾਂ ਨਹੀ, ਇਸ ਲਈ ਉਸ ਨੂੰ ਇਕ ਟੈਸਟ ਹੋਰ ਕਰਵਾਉਣਾ ਪਵੇਗਾ। ਉਸ ਨੂੰ ਇਸ ਹੈਪੀਟਾਈਟਸ C ਬਾਰੇ ਕੁਝ ਵੀ ਪਤਾ ਨਹੀਂ ਸੀ ਇਸ ਲਈ ਉਸ ਨੇ ਇਸ ਦੀ ਜਾਣਕਾਰੀ ਲਈ ਕੰਪਿਊਟਰ ਤੇ ਅ0ਨ ਲਾਈਨ ਦਾ ਸਹਾਰਾ ਲਿਆ।

* ਉਸ ਨੂੰ ਇਹ ਵੀ ਪਤਾ ਨਹੀਂ ਸੀ ਕਿ ਉਹ ਇਸ ਵਾਇਰਸ ਬਾਰੇ ਜਾਣਨ ਲਈ ਕਿੱਥo ਟੈਸਟ ਕਰਵਾਏ ਅਤੇ ਉਹ ਲoਕਲ ਕਲੀਨਿਕ 'ਚ ਵੀ ਜਾਣ ਤo ਗੁਰੇਜ਼ ਕਰ ਰਿਹਾ ਸੀ ਕਿਉਂ ਜੋ ਉਥੇ ਕੰਮ ਕਰ ਰਹੇ ਪ੍ਰਬੰਧਕਾਂ ਵਿੱਚੋਂ ਉਸ ਦੀ ਆਪਣੀ ਭਤੀਜੀ ਵੀ ਇੱਕ ਸੀ।

ਚਰਚਾ ਲਈ ਸਵਾਲ:

* ਇਸ ਆਦਮੀ ਦੀਆਂ ਇਸ ਵੱਕਤ ਪਹਿਲ ਦੇ ਆਧਾਰ ਤੇ ਜ਼ਰੂਰਤਾਂ ਕਿਹੜੀਆਂ ਹਨ?

* ਉਨ੍ਹਾਂ ਨੂੰ ਆਪਣੀ ਸਿਹਤ ਬਰਕਰਾਰ ਰੱਖਣ ਅਤੇ ਟੈਸਟ ਕਰਾਉਣ ਲਈ ਕਿਹੜੀਆਂ ਔਕੜਾਂ ਅਤੇ ਮਜਬੂਰੀਆਂ ਹਨ?

* ਉਹ ਇਸ ਵਾਸਤੇ ਕਿਹੜੇ ਸਾਧਨ ਵਰਤ ਸਕਦੇ ਹਨ?